Australian Government
Department of Social Services

# ਨਵੇਂ ਪ੍ਰਵਾਸੀਆਂ ਲਈ ਵੈਲਫੇਅਰ ਭੱਤੇ ਲੈਣ ਲਈ ਉਡੀਕਣ ਦਾ ਸਮਾਂ

ਨਵੇਂ ਪ੍ਰਵਾਸੀਆਂ ਲਈ ਕਈ ਤਰ੍ਹਾਂ ਦੇ ਵੈਲਫੇਅਰ ਭੁਗਤਾਨ ਹਾਸਲ ਕਰਨ ਦੇ ਉਡੀਕਣ ਦਾ ਸਮਾਂ ਬਦਲ ਗਿਆ ਹੈ।

1 ਜਨਵਰੀ 2019 ਤੋਂ ਬਹੁਤ ਸਾਰੇ ਪ੍ਰਵਾਸੀ ਜਿਨ੍ਹਾਂ ਨੂੰ ਸਥਾਈ ਰਿਹਾਇਸ਼ ਪ੍ਰਦਾਨ ਕੀਤੀ ਗਈ ਹੈ ਨੂੰ ਕਈ ਤਰ੍ਹਾਂ ਦੇ ਵੈਲਫੇਅਰ ਭੁਗਤਾਨ ਅਤੇ ਰਿਆਇਤੀ ਕਾਰਡ ਹਾਸਲ ਕਰਨ ਲਈ ਢੁਕਵੇਂ ਸਮੇਂ ਲਈ ਉਡੀਕਣਾ ਪਵੇਗਾ।

ਸੰਭਾਵਤ ਪਰਵਾਸੀਆਂ ਨੂੰ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਜਦੋਂ ਉਹ ਸਥਾਈ ਵੀਜ਼ਾ 'ਤੇ ਆਸਟਰੇਲੀਆ ਆਉਣ ਤਾਂ ਉਨ੍ਹਾਂ ਕੋਲ ਕਾਫੀ ਪੈਸਾ ਹੈ।

ਕੁਝ ਪ੍ਰਵਾਸੀਆਂ ਨੂੰ ਵੈਲਫੇਅਰ ਅਦਾਇਗੀਆਂ ਅਤੇ ਰਿਆਇਤ ਕਾਰਡਾਂ ਤੱਕ ਪਹੁੰਚਣ ਤੋਂ ਪਹਿਲਾਂ ਉਡੀਕ ਕਰਨ ਦੀ ਲੋੜ ਨਹੀਂ ਹੋਵੇਗੀ। ਇਨ੍ਹਾਂ ਵਿੱਚ ਕੁਝ ਖਾਸ ਕਿਸਮ ਦੇ ਵੀਜ਼ਿਆਂ ਵਾਲੇ ਲੋਕ ਹਨ ਅਤੇ ਨਾਲ ਹੀ ਸ਼ਾਮਲ ਹਨ ਉਹ ਲੋਕ ਜਿਨ੍ਹਾਂ ਦੇ ਹਾਲਾਤਾਂ ਵਿੱਚ ਕਾਫੀ ਬਦਲਾਅ ਆਇਆ ਹੈ।

ਚਾਰ ਸਾਲ ਦੀ ਉਡੀਕ ਦਾ ਸਮਾਂ ਹੇਠ ਲਿਖਿਆ ਲਈ ਲਾਗੂ ਹੁੰਦਾ ਹੈ:

- ਨੀਊ ਸਟਾਰਟ ਅਲਾਉਂਸ (Newstart Allowance)
- ਯੂਥ (ਯੁਵਕ) ਅਲਾਉਂਸ (Youth Allowance)
- ਔਸਟੱਡੀ (Austudy)
- ਮਾਪਿਆਂ ਦੀ ਅਦਾਇਗੀ (Parenting Payment)
- ਮੋਬਿਲਿਟੀ ਅਲਾਉਂਸ (Mobility Allowance)
- ਬਿਮਾਰੀ ਅਲਾਉਂਸ (Sickness Allowance)
- ਬਰੀਵਮੈਂਟ ਅਲਾਉਂਸ (Bereavement Allowance)
- ਸਪੈਸ਼ਲ ਬੈਨੀਫਿੱਟ (Special Benefit)
- ਪੈਨਸ਼ਨਰਾਂ ਦੀ ਪੜ੍ਹਾਈ ਲਈ ਸਪਲੀਮੈਂਟ (Pensioner Education Supplement)
- ਫਾਰਮ ਹਾਊਸਹੋਲਡ ਅਲਾਉਂਸ (Farm Household Allowance)
- ਘੱਟ ਆਮਦਨੀ ਦਾ ਸਿਹਤ ਕਾਰਡ (Low Income Health Care Card)
- ਕਾਮਨਵੈਲਥ ਬਜ਼ੁਰਗਾਂ ਦਾ ਸਿਹਤ ਸੰਭਾਲ ਕਾਰਡ (Commonwealth Seniors Health Card)

<u>ਦੋ ਸਾਲ</u> ਦੀ ਉਡੀਕ ਦਾ ਸਮਾਂ ਹੇਠ ਲਿਖਿਆ ਲਈ ਲਾਗੂ ਹੁੰਦਾ ਹੈ:

- ਪੇਰੰਟਲ ਲੀਵ ਭੁਗਤਾਨ (Parental Leave Pay)
- ਡੈਡ ਐਂਡ ਪਾਰਟਨਰ ਪੇ (Dad and Partner Pay)
- ਦੇਖ ਭਾਲ ਕਰਨ ਵਾਲਿਆਂ ਦੀ ਅਦਾਇਗੀ (Carer Payment)

<u>ਇੱਕ ਸਾਲ</u> ਦੀ ਉਡੀਕ ਦਾ ਸਮਾਂ ਹੇਠ ਲਿਖਿਆਂ ਲਈ ਲਾਗੂ ਹੁੰਦਾ ਹੈ:

- ਦੇਖ ਭਾਲ ਕਰਨ ਵਾਲਿਆਂ ਦਾ ਅਲਾਉਂਸ (Carer Allowance)
- ਪਰਿਵਾਰਕ ਟੈਕਸ ਲਾਭ ਭਾਗ A (Family Tax Benefit Part A)

ਪਰਿਵਾਰਕ ਟੈਕਸ ਭਾਗ B ਲਈ (Family Tax Benefit Part B) ਉਡੀਕ ਦਾ ਸਮਾ ਨਹੀਂ ਹੋਵੇਗਾ। ਇਸ ਦਾ ਮਤਲਬ ਹੈ ਕਿ ਉਹਨਾਂ ਪਰਿਵਾਰਾਂ ਲਈ ਜਿਨ੍ਹਾਂ ਦਾ ਇੱਕ ਵਿਅਕਤੀ ਹੀ ਆਮਦਨੀ ਕਮਾਉਂਦਾ ਹੈ, ਜਿਸ ਵਿੱਚ ਇਕੋ ਇੱਕ ਮਾਪਾ (single parent families) ਹੀ ਕਮਾਉਂਦਾ ਹੈ, ਉਹ ਇਸ ਸਹਾਇਤਾ ਦੀ ਪਹੁੰਚ ਉਸੇ ਵੇਲੇ ਕਰ ਸਕਦੇ ਹਨ ਜੇ ਉਹ ਯੋਗ ਹੋਣ।

# ਕੌਣ ਪ੍ਰਭਾਵਿਤ ਹੁੰਦਾ ਹੈ?

ਇਹ ਨਵੇਂ ਕਾਨੂੰਨ ਹੁਨਰਮੰਦ ਅਤੇ ਪਰਿਵਾਰਕ ਪ੍ਰਵਾਸੀਆਂ ‘ਤੇ ਲਾਗੂ ਹੁੰਦੇ ਹਨ ਜਿਨ੍ਹਾਂ ਨੂੰ 1 ਜਨਵਰੀ 2019 ਨੂੰ ਜਾਂ ਉਸ ਤੋਂ ਬਾਅਦ ਸਥਾਈ ਵੀਜ਼ਾ ਦਿੱਤਾ ਗਿਆ ਹੈ।

ਪ੍ਰਵਾਸੀ ਜਿਨ੍ਹਾ ਦੇ ਘਰ 1 ਜਨਵਰੀ 2019 ਅਤੇ 30 ਜੂਨ 2019 ਦੇ ਦਰਮਿਆਨ ਬੱਚੇ ਨੇ ਜਨਮ ਲਿਆ ਹੈ ਉਹ ਉਸ ਬੱਚੇ ਲਈ ਪੈਰੰਟਲ ਲੀਵ ਪੇ ਅਤੇ ਡੈਡ ਐਂਡ ਪਾਰਟਨਰ ਪੇ ਦੀ ਅਦਾਇਗੀ ਲੈ ਸਕਦੇ ਹਨ।

ਜਿਹੜੇ ਲੋਕਾਂ ਨੂੰ 1 ਜਨਵਰੀ 2019 ਤੋਂ ਪਹਿਲਾਂ ਵੀਜ਼ਾ ਦਿੱਤਾ ਗਿਆ ਸੀ, ਉਹਨਾਂ ‘ਤੇ ਪੁਰਾਣੇ ਕਾਨੂੰਨ ਲਾਗੂ ਹੁੰਦੇ ਹਨ। ਉਹ ਪਰਿਵਾਰਕ ਟੈਕਸ ਲਾਭ ਪਾਰਟ A, ਪੈਰੰਟਲ ਲੀਵ ਭੁਗਤਾਨ, ਡੈਡ ਐਂਡ ਪਾਰਟਨਰ ਪੇ ਅਤੇ ਦੇਖ ਭਾਲ ਕਰਨ ਵਾਲਿਆਂ ਦਾ ਭੱਤਾ ਦੀ ਤੁਰੰਤ ਪਹੁੰਚ ਕਰ ਸਕਦੇ ਹਨ ਜੇ ਉਹ ਯੋਗ ਹੋਣ। ਉਨ੍ਹਾਂ ਨੂੰ ਦੋ ਸਾਲ ਹੋਰਨਾਂ ਭੁਗਤਾਨਾਂ ਲਈ ਹੀ ਉਡੀਕਣਾ ਪਵੇਗਾ।

ਇਸ ਦੇ ਨਾਲ ਹੀ, ਕੁਝ ਵੀਜ਼ੇ ਵਾਲੇ ਲੋਕ ਪੁਰਾਣੇ ਨਿਯਮਾਂ ਦੇ ਅਧੀਨ ਆਉਂਦੇ ਹਨ, ਭਾਂਵੇਂ ਉਨ੍ਹਾਂ ਨੂੰ ਵੀਜ਼ਾ 1 ਜਨਵਰੀ 2019 ਤੋਂ ਦਿੱਤਾ ਗਿਆ ਹੋਵੇ। ਇਹ ਵੀਜ਼ਾ ਵਾਲੇ ਲੋਕ ਪਰਿਵਾਰਕ ਟੈਕਸ ਲਾਭ ਪਾਰਟ A, ਪੈਰੰਟਲ ਲੀਵ ਭੁਗਤਾਨ, ਡੈਡ ਐਂਡ ਪਾਰਟਨਰ ਪੇ ਅਤੇ ਦੇਖ ਭਾਲ ਕਰਨ ਵਾਲਿਆਂ ਦਾ ਭੱਤਾ ਦੀ ਤੁਰੰਤ ਪਹੁੰਚ ਕਰ ਸਕਦੇ ਹਨ ਪਰ ਇਨ੍ਹਾਂ ਨੂੰ ਕੁਝ ਹੋਰ ਭੁਗਤਾਨਾਂ ਲਈ ਦੋ ਸਾਲ ਉਡੀਕ ਕਰਨੀ ਪਵੇਗੀ। ਇਨ੍ਹਾਂ ਵੀਜ਼ਿਆਂ ਵਿੱਚ ਸ਼ਾਮਲ ਹਨ:

- ਨੀਊ ਜ਼ੀਲੈਂਡ ਦੇ ਨਾਗਰਿੱਕ ਇੱਕ ਖਾਸ ਵੀਜ਼ਾ ਸ਼੍ਰੇਣੀ ‘ਤੇ (ਸਬਕਲਾਸ 444)
- ਅਨਾਥ ਰਿਸ਼ਤੇਦਾਰ ਵੀਜ਼ (ਸਬਕਲਾਸ 117 and 837)
- ਬਾਕੀ ਰਹਿੰਦੇ ਰਿਸ਼ਤੇਦਾਰ ਵੀਜ਼ੇ (ਸਬਕਲਾਸ 115 and 835)

# ਉਡੀਕਣ ਦੇ ਸਮੇਂ ਤੋਂ ਛੋਟ

ਕੁਝ ਪ੍ਰਵਾਸੀਆਂ ਨੂੰ ਭੁਗਤਾਨਾਂ ਹਾਸਲ ਕਰਨ ਲਈ ਉਡੀਕਣ ਦੀ ਲੋੜ ਨਹੀਂ ਜਾਂ ਉਨ੍ਹਾਂ ਲਈ ਉਡੀਕ ਦੇ ਸਮੇਂ ਨੂੰ ਘਟਾਇਆ ਜਾ ਸਕਦਾ ਹੈ। ਇਸ ਨੂੰ ਛੋਟ ਕਿਹਾ ਜਾਂਦਾ ਹੈ।

ਮਾਨਵਤਾਵਾਦੀ ਦਾਖਲੇ ਅਧੀਨ ਆਉਣ ਵਾਲਿਆਂ ਅਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਸਾਰੇ ਭੁਗਤਾਨਾਂ ਲਈ ਉਡੀਕ ਸਮਿਆਂ ਤੋਂ ਛੋਟ ਦਿੱਤੀ ਗਈ ਹੈ।

ਉਹ ਪ੍ਰਵਾਸੀ ਜੋ ਸਥਾਈ ਵੀਜ਼ਾ ਪ੍ਰਾਪਤ ਕਰਨ ਤੋਂ ਬਾਅਦ ਇਕੱਲੇ ਮਾਪੇ ਬਣ ਜਾਂਦੇ ਹਨ ਨੂੰ ਛੋਟ ਮਿਲ ਸਕਦੀ ਹੈ ਤਾਂ ਜੋ ਉਹ ਪੇਰੇਂਟਿੰਗ ਪੇਮੈਂਟ ਜਾਂ ਨਿਊ ਸਟਾਰਟ ਅਲਾਊਂਸ ਪ੍ਰਾਪਤ ਕਰ ਸੱਕਣ। ਹੋਰ ਪ੍ਰਵਾਸੀ ਜਿਹੜੇ ਆਪਣੇ ਉਡੀਕ ਸਮੇਂ ਦੇ ਦੌਰਾਨ ਮਹੱਤਵਪੂਰਣ ਤਬਦੀਲੀਆਂ ਦਾ ਅਨੁਭਵ ਕਰਦੇ ਹਨ, ਅਤੇ ਵਿਤੀ ਤੰਗੀ ਵਿੱਚ ਹਨ ਵਿਸ਼ੇਸ਼ ਲਾਂਭ (Special Benefit) ਲਈ ਛੋਟ ਪ੍ਰਾਪਤ ਕਰਨ ਦੇ ਯੋਗ ਹੋ ਸਕਦੇ ਹਨ। ਉਹ ਲੋਕ ਜਿਨ੍ਹਾਂ ਨੂੰ ਇਨ੍ਹਾਂ ਵਿੱਚੋਂ ਇੱਕ ਛੋਟ ਦੀ ਮਨਜ਼ੂਰੀ ਦਿੱਤੀ ਜਾਂਦੀ ਹੈ, ਫੈਮਿਲੀ ਟੈਕਸ ਬੈਨੀਫਿੱਟ ਦੀ ਪਹੁੰਚ ਵੀ ਕਰ ਸਕਦੇ ਹਨ ਜੇਕਰ ਉਨ੍ਹਾਂ ਕੋਲ ਉਨ੍ਹਾਂ ‘ਤੇ ਨਿਰਭਰ ਬੱਚੇ ਹੋਣ।

**ਇਹ ਪਤਾ ਕਰਨ ਲਈ ਕਿ ਕੀ ਉਹ ਉਡੀਕ ਸਮੇਂ ਤੋਂ ਰਹਿਤ ਹਨ, ਲੋਕ ਮਨੁਖੀ ਸੇਵਾਵਾਂ ਵਿਭਾਗ (Department of Human Services) ਤੋਂ ਪਤਾ ਕਰ ਸਕਦੇ ਹਨ।**

## ਹੋਰ ਸਮਰਥਨ

ਨਵੇਂ ਪ੍ਰਵਾਸੀ ਹੋਰਨਾਂ ਸ੍ਰਕਾਰੀ ਸੇਵਾਵਾਂ ਦੀ ਪਹੁੰਚ ਕਰ ਸਕਦੇ ਹਨ, ਜਿਵੇਂ ਕਿ ਮੈਡੀਕੇਅਰ ਵਰਗੀਆਂ ਸਿਹਤ ਸੇਵਾਵਾਂ। ਉਹ ਬਾਲ ਸੰਭਾਲ ਲਈ ਭੁਗਤਾਨ ਕਰਨ ਵਿੱਚ ਮਦਦ ਲਈ ਵੀ ਯੋਗ ਹੋ ਸਕਦੇ ਹਨ।

## ਹੋਰ ਜਾਣਕਾਰੀ

ਵੇਖੋ **www.humanservices.gov.au/newresidentswaiting**

ਆਪਣੀ ਭਾਸ਼ਾ ਵਿੱਚ ਵਧੇਰੇ ਜਾਣਕਾਰੀ ਲਈ:

- ਮਨੁਖੀ ਸੇਵਾਵਾਂ ਵਿਭਾਗ ਬਹੁਭਾਸ਼ੀ ਫੋਨ ਸਰਵਿਸ ਨੂੰ 131 202 ‘ਤੇ ਫੋਨ ਕਰੋ
- ਇਥੇ ਜਾਓ www.humanservices.gov.au/yourlanguage